# ਦਫਤਰ ਜਿਲਾ ਮੈਜਿਸਟਰੇਟ, ਜਲੰਧਰ

**Office of the District Magistrate**

Jalandhar (Punjab)

No. ..........................

Date ........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

ਸੇਵਾ ਵਿਖੇ

1. ਕਮਿਸ਼ਨਰ ਆਫ ਪੁਲਿਸ, ਜਲੰਧਰ
2. ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ।
3. ਸਮੂਹ ਉਪ ਮੰਡਲ ਮੈਜਿਸਟਰੇਟ, ਜਲੰਧਰ।

ਨੰਬਰ: 5734-40/ਐਮ.ਸੀ.4/ਐਮ.ਏ. ਮਿਤੀ:11-04-2020

**ਵਿਸ਼ਾ:-** **ਕੋਵਿਡ-19 ਸਬੰਧੀ।**

ਉਪਰੋਕਤ ਵਿਸ਼ੇ ਦੇ ਵਿੱਚ ਆਪ ਜੀ ਨੂੰ ਪੰਜਾਬ ਸਰਕਾਰ, ਸਿਹਤ ਤੇ ਪਰਿਵਾਲ ਭਲਾਈ ਵਿਭਾਗ, ਵੱਲੋਂ ਪ੍ਰਾਪਤ ਹੋਏ ਨੋਟੀਫਿਕੇਸ਼ਨ ਨੰਬਰ : IDSP/NHM/PO/20/2460 ਮਿਤੀ: 10-04-2020 ਦੀ ਕਾਪੀ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ। ਮਾਨਯੋਗ ਜਿਲ੍ਹਾ ਮੈਜਿਸਟਰੇਟ ਸਾਹਿਬ ਜੀ ਵੱਲੋਂ ਆਦੇਸ਼ ਦਿੱਤਾ ਗਿਆ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਜੀ।

ਵਾ: ਜਿਲ੍ਹਾ ਮੈਜਿਸਟਰੇਟ,
ਜਲੰਧਰ।

Scanned with CamScanner

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਨੋਟੀਫਿਕੇਸ਼ਨ

ਨੰਬਰ IDSP/NMM/Pb/20/2460 ਮਿਤੀ 10/4/2020

ਪੰਜਾਬ ਸਰਕਾਰ ਵੱਲੋਂ "ਐਪੀਡੈਮਿਕ ਡਿਜ਼ੀਜ਼ ਐਕਟ 1897" ਦੇ ਸੈਕਸ਼ਨ 2,3 ਤੇ 4 ਅਧੀਨ ਦਿੱਤੀਆਂ ਗਈਆਂ ਪਾਵਰਾਂ ਦੀ ਵਰਤੋਂ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 14/7/2020-4/ਸਿ.ਪ./677 ਮਿਤੀ 5.3.2020 ਰਾਹੀਂ ਕੋਵਿਡ-19 ਤੋਂ ਬਚਾਅ ਅਤੇ ਰੋਕਥਾਮ ਦੇ ਲਈ ਰੈਗੂਲੇਸ਼ਨ ਜਾਰੀ ਕੀਤੇ ਗਏ ਹਨ।

ਉਪਰੋਕਤ ਰੈਗੂਲੇਸ਼ਨ ਦੇ ਰੂਲ 12 (ix) ਦੇ ਅਨੁਸਾਰ ਡਾਇਰੈਕਟਰ ਹੈਲਥ ਸਰਵਿਸਸ ਨੂੰ ਕੋਵਿਡ-19 ਦੀ ਰੋਕਥਾਮ ਲਈ ਕੋਈ ਵੀ ਫੈਸਲਾ ਲੈਣ ਲਈ ਅਧਿਕਾਰਿਤ ਕੀਤਾ ਗਿਆ ਹੈ।

ਇਸਦੇ ਨਾਲ ਹੀ ਕੁਝ ਸ਼ੋਧਾਂ ਵਿੱਚ ਇਹ ਪਾਇਆ ਗਿਆ ਹੈ ਕਿ ਜ਼ਰੂਰੀ ਸਮਾਜਿਕ ਦੂਰੀ ਤੋਂ ਇਲਾਵਾ ਚਿਹਰੇ ਤੇ ਮਾਸਕ ਪਾਉਣ ਨਾਲ ਕੋਰੋਨਾ ਵਾਇਰਸ ਨੂੰ ਇੱਕ ਤੋਂ ਦੂਜੇ ਵਿਅਕਤੀ ਤੱਕ ਫ਼ੈਲਣ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਹੈ।

ਇਸ ਦੇ ਨਾਲ ਹੀ ਮੈਂ ਇਸ ਸਿੱਟੇ ਤੇ ਪਹੁੰਚੀ ਹਾਂ ਕਿ ਵੱਡੇ ਪੱਧਰ ਤੇ ਲੋਕਾਂ ਦੀ ਭਲਾਈ ਲਈ ਜਨਤਕ ਸਥਾਨ ਤੇ ਜਾਣ ਸਮੇਂ ਹਰ ਵਿਅਕਤੀ ਦੇ ਚਿਹਰੇ ਤੇ ਮਾਸਕ ਪਾਉਣਾ ਜ਼ਰੂਰੀ ਹੈ।

ਮੈਂ ਡਾਕਟਰ ਅਵਨੀਤ ਕੌਰ, ਡਾਇਰੈਕਟਰ ਹੈਲਥ ਸਰਵਿਸਸ, ਪੰਜਾਬ ਉਪਰੋਕਤ ਰੈਗੂਲੇਸ਼ਨ ਦੇ ਰੂਲ 12 (ix) ਅਧੀਨ ਮੈਨੂੰ ਪ੍ਰਾਪਤ ਪਾਵਰਾਂ ਦਾ ਇਸਤੇਮਾਲ ਕਰਦੇ ਹੋਏ ਸਮੁੱਚੇ ਪੰਜਾਬ ਰਾਜ ਵਿੱਚ ਹੇਠ ਲਿਖੇ ਰੋਕਥਾਮ ਦੇ ਉਪਰਾਲੇ ਲਾਗੂ ਕਰਦੀ ਹਾਂ -

1. ਕਿਸੇ ਵੀ ਵਿਅਕਤੀ ਲਈ ਕਿਸੇ ਜਨਤਕ ਸਥਾਨ, ਗਲੀਆਂ, ਹਸਪਤਾਲ, ਦਫ਼ਤਰ, ਮਾਰਕਿਟ ਆਦਿ ਵਿੱਚ ਜਾਣ ਸਮੇਂ ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਪਾਉਣਾ ਜ਼ਰੂਰੀ ਹੋਵੇਗਾ।
2. ਕਿਸੇ ਵੀ ਵਾਹਨ ਵਿੱਚ ਸਫ਼ਰ ਕਰ ਰਿਹਾ ਵਿਅਕਤੀ ਵੀ ਇਹ ਮਾਸਕ ਜ਼ਰੂਰ ਪਹਿਨੇਗਾ।
3. ਕਿਸੇ ਵੀ ਦਫ਼ਤਰ/ਕੰਮ ਦੇ ਸਥਾਨ/ਕਾਰਖਾਨੇ ਆਦਿ ਵਿੱਚ ਕੰਮ ਕਰਨ ਵਾਲਾ ਹਰ ਵਿਅਕਤੀ ਵੀ ਉਪਰੋਕਤ ਦਰਸਾਏ ਅਨੁਸਾਰ ਮਾਸਕ ਪਹਿਨੇਗਾ
4. ਇਸ ਵਿੱਚ ਉਹ ਮਾਸਕ ਵੀ ਸ਼ਾਮਿਲ ਹੈ, ਜੋ ਕਿ ਘਰ ਚ ਸੂਤੀ ਕੱਪੜੇ ਨਾਲ ਤਿਆਰ ਕੀਤਾ ਗਿਆ ਹੈ, ਜਿਸਨੂੰ ਸਾਬਣ/ਡਿਟਰਜੈਂਟ ਨਾਲ ਚੰਗੀ ਤਰ੍ਹਾਂ ਧੋ ਕੇ ਦੁਬਾਰਾ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਜੇਕਰ ਮਾਸਕ ਉਪਲਬੱਧ ਨਹੀਂ ਹੈ ਤਾਂ ਰੁਮਾਲ, ਦੁਪੱਟਾ, ਪਰਨਾ ਆਦਿ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਜੇਕਰ ਕੋਈ ਵਿਅਕਤੀ ਇਨ੍ਹਾਂ ਹਿਦਾਇਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਹਿਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਡਾ. ਅਵਨੀਤ ਕੌਰ
ਡਾਇਰੈਕਟਰ ਹੈਲਥ ਸਰਵਿਸਸ,
ਪੰਜਾਬ ਸਰਕਾਰ

ਪਿੱਠ ਅੰਕਣ ਨੰ. IDSP/NMM/Pb/20/2461 - 2469 ਮਿਤੀ 10/4/2020

1. ਮੁੱਖ ਸਕੱਤਰ, ਪੰਜਾਬ।
2. ਵਧੀਕ ਮੁੱਖ ਸਕੱਤਰ ਗ੍ਰਹਿ ਤੇ ਨਿਆਂ।
3. ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
4. ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ।
5. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, ਪੰਜਾਬ।
6. ਹੈੱਡ ਸਟੇਟ ਕੋਵਿਡ-19 ਕੰਟਰੋਲ ਰੂਮ, ਪੰਜਾਬ।
7. ਸਮੂਹ ਡਿਪਟੀ ਕਮਿਸ਼ਨਰ, ਪੰਜਾਬ।
8. ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ।
9. ਸਮੂਹ ਸਿਵਲ ਸਰਜਨ, ਪੰਜਾਬ।

Scanned with CamScanner

Scanned with CamScanner